# ਦਫਤਰ ਜਿਲ੍ਹਾ ਮੈਜਿਸਟਰੇਟ, ਸਾਹਿਬਜਾਦਾ ਅਜੀਤ ਸਿੰਘ ਨਗਰ।

## ਹੁਕਮ

ਨੰ: 660 /ਆਈ.ਸੀ. ਮਿਤੀ 18/7/2019

ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਪੰਜਾਬ ਹਿਊਮਨ ਸਮੱਗਲਿੰਗ ਐਕਟ 2012 (ਪੰਜਾਬ ਐਕਟ ਨੰਬਰ 2 ਆਫ 2013) (ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ.49/ਪੀ.ਏ.2/2013/ਐਸ.18/**Amd.(1)/2014** ਮਿਤੀ **16.09.2014** ਰਾਹੀਂ ਸੋਧਿਆ ਨਾਮ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ) ਤਹਿਤ ਕੰਪਨੀ/ਫਰਮ **Shivom Consultancy,** ਐਸ.ਸੀ.ਐਫ. ਨੰ:26, ਦੂਜੀ ਮੰਜਿਲ, ਫੇਜ-2, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਇਸ ਦਫਤਰ ਵੱਲੋਂ ਲਾਇਸੰਸ ਨੰਬਰ 90/7692/ਐਮ.ਸੀ.-2 ਮਿਤੀ 03-07-2017 ਬਤੌਰ ਪ੍ਰੋਪਰਾਈਟਰ; ਸ੍ਰੀ ਸੁਨੀਲ ਸ਼ਰਮਾ ਪੁੱਤਰ ਸ੍ਰੀ ਜੀਵਨ ਪ੍ਰਕਾਸ ਵਾਸੀ ਪਿੰਡ ਤੇ ਡਾਕਘਰ-ਦੌਲਤਪੁਰ ਚੌਕ, ਤਹਿਸੀਲ-ਅੰਬ, ਜਿਲ੍ਹਾ ਊਨ੍ਹਾਂ-ਹਿਮਾਚਲ ਪ੍ਰਦੇਸ਼, ਹਾਲ ਵਾਸੀ C/o ਸ੍ਰੀ ਸੁਰਜਨ ਸਿੰਘ ਮਕਾਨ ਨੰ:6794, ਪਿੰਡ ਮਦਨਪੁਰ, ਨੇੜੇ ਗਿੱਲ ਆਟਾ ਚੱਕੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੰਸਲਟੈਂਸੀ ਦੇ ਕੰਮ ਲਈ ਜਾਰੀ ਕੀਤਾ ਗਿਆ ਸੀ। ਇਸ ਲਾਇਸੰਸ ਦੀ ਮਿਆਦ ਮਿਤੀ 02-07-2022 ਤੱਕ ਹੈ।

ਫਰਮ ਦੇ ਪ੍ਰੋਪਰਾਈਟਰ ਸ੍ਰੀ ਸੁਨੀਲ ਸ਼ਰਮਾ ਪੁੱਤਰ ਸ੍ਰੀ ਜੀਵਨ ਪ੍ਰਕਾਸ ਵੱਲੋਂ ਆਪਣੇ ਪੱਤਰ ਮਿਤੀ 18-03-2019 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਕਿ ਅਮਨਦੀਪ ਸਿੰਘ ਨਾਮਕ ਵਿਅਕਤੀ ਵੱਲੋਂ ਉਸਦੇ ਲਾਇਸੰਸ ਦੀ ਦੁਰਵਰਤੋਂ ਕਰਦੇ ਹੋਏ, ਉਸਦੇ ਬਿਜਨਸ ਤੇ ਗੈਰ-ਕਾਨੂੰਨੀ ਢੰਗ ਨਾਲ ਕਬਜਾ ਕਰ ਲਿਆ ਹੈ। ਲਾਇਸੰਸੀ ਵੱਲੋਂ ਪੇਸ਼ ਕੀਤੀ ਗਈ ਦਰਖਾਸਤ ਸਮੇਤ ਸਹਿ-ਪੱਤਰਾਂ ਨੂੰ ਉਕਤ ਐਕਟ/ਰੂਲਜ਼ ਅਨੁਸਾਰ ਵਿਚਾਰਿਆ ਗਿਆ ਅਤੇ ਪਾਇਆ ਗਿਆ ਕਿ ਉਸ ਵੱਲੋਂ ਆਪਣੇ ਪੱਤਰ ਨਾਲ ਸ਼ਾਮਿਲ ਕੀਤੀ ਗਈ ਪਟੀਸ਼ਨ ਦੀ ਫੋਟੋ ਕਾਪੀ ਦੇ ਪੈਰਾ ਨੰ:2 ਵਿੱਚ ਜਿਕਰ ਕੀਤੀ ਅੰਡਰਟੇਕਿੰਗ ਕਿ ਉਕਤ ਕਾਰੋਬਾਰ ਨੂੰ ਅਮਨਦੀਪ ਸਿੰਘ ਪੁੱਤਰ ਸ੍ਰੀ ਮੁੱਲਖ ਰਾਜ AtoZ Solutions Consultants, SCO No.148-149, Sector-34-A, ਚੰਡੀਗੜ੍ਹ ਦੇ ਨਾਮ ਤਬਦੀਲ ਕਰ ਦਿੱਤਾ ਹੈ। ਜ਼ਦੋਂ ਕਿ ਐਕਟ ਅਨੁਸਾਰ ਅਜਿਹਾ ਕੀਤਾ ਜਾਣਾ ਸੰਭਵ ਨਹੀ ਹੈ ਅਤੇ ਨਾ ਹੀ ਲਾਇਸੰਸੀ ਵੱਲੋਂ ਇਸ ਸਬੰਧੀ ਇਸ ਦਫਤਰ ਨੂੰ ਸੂਚਿਤ ਹੀ ਕੀਤਾ ਗਿਆ। ਜ਼ੋ ਕਿ ਐਕਟ/ਰੂਲਜ਼ ਅਤੇ ਲਾਇਸੰਸ ਦੀਆਂ ਧਾਰਾਵਾਂ ਦੀਆਂ ਗੰਭੀਰ ਉਲੰਘਣਾ ਹੈ।

ਇਸ ਲਈ ਫਰਮ ਵੱਲੋਂ ਪ੍ਰਾਪਤ ਪੱਤਰ/ਸਹਿ ਪੱਤਰਾਂ ਨੂੰ ਵਿਚਾਰਦੇ ਹੋਏ ਅਤੇ ਲਾਇਸੰਸੀ ਵੱਲੋਂ ਐਕਟ/ਰੂਲਜ਼/ਲਾਇਸੰਸ ਦੀਆਂ ਧਾਰਾਵਾਂ ਦੀ ਉਲੰਘਣਾ ਦੇ ਮੱਦੇਨਜ਼ਰ ਮੈਂ ਸਾਕਸ਼ੀ ਸਾਹਨੀ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (f) ਤਹਿਤ ਮਿਲੀਆ ਸਕਤੀਆਂ ਦੀ ਵਰਤੋਂ ਕਰਦੀ ਹੋਈ ਫਰਮ **Shivom Consultancy,** ਐਸ.ਸੀ.ਐਫ. ਨੰ:26, ਦੂਜੀ ਮੰਜਿਲ, ਫੇਜ-2, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਜਾਰੀ ਲਾਇਸੰਸ ਨੰਬਰ 90/7692/ਐਮ.ਸੀ.-2 ਮਿਤੀ 03-07-2017 ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਦੀ ਹਾਂ।

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (f) ਤਹਿਤ ਲਾਇਸੰਸੀ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਲਈ 07 ਦਿਨਾਂ ਦਾ ਸਮਾਂ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਹੈ ਕਿ ਕਿਉਂ ਨਾ ਉਸ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇ।

ਇਸ ਸਬੰਧੀ ਸਮੂਹ ਸਬੰਧਤਾਂ ਨੂੰ ਨੋਟ ਕਰਵਾਇਆ ਜਾਵੇ।

ਮਿਤੀ

ਵਧੀਕ ਜਿਲ੍ਹਾ ਮੈਜਿਸਟਰੇਟ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿਠ ਅੰਕਣ ਨੰ: 661 – 665 /ਆਈ.ਸੀ. ਮਿਤੀ 18/7/2019

ਇਸ ਦਾ ਇੱਕ ਉਤਾਰਾ ਨਿਮਨ ਨੂੰ ਸੂਚਨਾਂ ਅਤੇ ਤੁਰੰਤ ਪਾਲਣਾ ਹਿੱਤ ਭੇਜਿਆ ਜਾਂਦਾ ਹੈ: -

1. ਸੁਪਰਡੰਟ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-5 ਸ਼ਾਖਾ), ਮੇਨ ਸਕੱਤਰੇਤ-1, ਚੰਡੀਗੜ੍ਹ।
2. ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਐਕਟ ਤਹਿਤ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਇਸ ਸਬੰਧੀ ਆਪਣੀ ਪੜਤਾਲ ਰਿਪੋਰਟ ਇੱਕ ਹਫਤੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।।
3. ਉਪ ਮੰਡਲ ਮੈਜਿਸਟਰੇਟ, ਮੋਹਾਲੀ।
4. ਡੀ.ਆਈ.ਓ., ਐਨ.ਆਈ.ਸੀ. ਸੈਂਟਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਜਿਲ੍ਹਾ ਦੀ ਵੈਬਸਾਇਟ ਉਤੇ ਅੱਪਲੋਡ ਕਰਨ ਹਿੱਤ।

   (ਰਾਹੀਂ ਤਹਿਸੀਲਦਾਰ, ਮੋਹਾਲੀ)
5. **Shivom Consultancy**, (ਪ੍ਰੋਪਰਾਈਟਰ; ਸ੍ਰੀ ਸੁਨੀਲ ਸ਼ਰਮਾ ਪੁੱਤਰ ਸ੍ਰੀ ਜੀਵਨ ਪ੍ਰਕਾਸ; ਹਾਲ ਵਾਸੀ C/o ਸ੍ਰੀ ਸੁਰਜਨ ਸਿੰਘ ਮਕਾਨ ਨੰ:6794, ਪਿੰਡ ਮਦਨਪੁਰ, ਨੇੜੇ ਗਿੱਲ ਆਟਾ ਚੱਕੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਵਧੀਕ ਜਿਲ੍ਹਾ ਮੈਜਿਸਟਰੇਟ,
ਸਾਹਿਬਜਾਦਾ ਅਜੀਤ ਸਿੰਘ ਨਗਰ।